# ਓਪਿਔਇਡ ਦੀ ਵਰਤੋਂ ਸੰਬੰਧੀ ਵਿਕਾਰ ਦਾ ਇਲਾਜ ਕਰਨ ਲਈ ਟੈਲੀਮੈਡੀਸਿਨ ਉਪਲਬਧ ਹੈ

COVID-19 ਜਨਤੱਕ ਸਿਹਤ ਐਮਰਜੈਂਸੀ ਦੇ ਦੌਰਾਨ, ਤੁਸੀਂ ਟੈਲੀਮੈਡੀਸਿਨ ਦੁਆਰਾ ਓਪਿਔਇਡ ਦੀ ਵਰਤੋਂ ਸੰਬੰਧੀ ਵਿਕਾਰ (opioid use disorder, OUD) ਦੇ ਇਲਾਜ ਤੱਕ ਪਹੁੰਚ ਸਕਦੇ ਹੋ। ਵਿਅਕਤੀਗਤ ਤੌਰ ’ਤੇ ਵਿਜ਼ਿਟ ਕੀਤੇ ਬਿਨਾਂ ਨਿਊ ਯਾਰਕ ਸਿਟੀ (NYC) ਵਿੱਚ ਚੋਣਵੀਆਂ ਥਾਂਵਾਂ ’ਤੇ ਇਹ ਸੇਵਾ ਉਪਲਬਧ ਹੈ। ਸਿਹਤ ਸੰਭਾਲ ਪਰਦਾਤਾ ਟੈਲੀਕਾਨਫਰੰਸ ਜਿਹੇ ਆਡੀਓ-ਵਿਜ਼ੂਅਲ ਪਲੇਟਫ਼ਾਰਮ ਦੀ ਵਰਤੋਂ ਕਰ ਕੇ, ਜਾਂ ਕਦੇ-ਕਦਾਈਂ ਟੈਲੀਫ਼ੋਨ ਚੈਟ ਨਾਲ OUD ਲਈ ਇਲਾਜ ਪ੍ਰਦਾਨ ਕਰ ਸਕਦੇ ਹਨ। ਉਹ ਕਿਸੇ ਵੀ ਫਾਰਮੇਸੀ ਨੂੰ ਇਲੈਕਟ੍ਰਾਨਿਕ ਤਰੀਕੇ ਨਾਲ ਪ੍ਰਿਸਕ੍ਰਿਪਸ਼ਨ ਭੇਜ ਸਕਦੇ ਹਨ। ਬਿਊਪ੍ਰੀਨੋਰਫੀਨ (Buprenorphine) — ਜਿਸਨੂੰ ਕਦੇ-ਕਦਾਈਂ ਸਬੋਕਸੋਨ® (Suboxone®) ਕਿਹਾ ਜਾਂਦਾ ਹੈ — OUD ਦਾ ਇਲਾਜ ਹੈ ਜੋ ਕਈ ਸੈਟਿੰਗਸ ਵਿੱਚ ਪਰਦਾਤਾਵਾਂ ਦੁਆਰਾ ਨਿਰਧਾਰਿਤ ਕੀਤਾ ਜਾ ਸਕਦਾ ਹੈ ਅਤੇ ਕਿਤੇ ਵੀ ਸ਼ੁਰੂ ਕੀਤਾ ਜਾ ਸਕਦਾ ਹੈ। ਤੁਸੀਂ ਇੱਕ ਟੈਲੀਮੈਡੀਸਿਨ ਵਿਜ਼ਿਟ ਨਾਲ ਬਿਊਪ੍ਰੀਨੋਰਫੀਨ ਨਾਲ ਇਲਾਜ ਸ਼ੁਰੂ ਕਰ ਸਕਦੇ ਹੋ (ਜਾਂ ਜੇਕਰ ਤੁਸੀਂ ਉਹ ਪਹਿਲਾਂ ਹੀ ਲੈ ਰਹੇ ਹੋ ਤਾਂ ਉਸਨੂੰ ਲੈਣਾ ਜਾਰੀ ਰੱਖ ਸਕਦੇ ਹੋ)।

**ਮੈਂ ਇਲਾਜ ਕਿੱਥੇ ਲੱਭ ਸਕਦਾ/ਸਕਦੀ ਹਾਂ?**

ਟੈਲੀਮੈਡੀਸਿਨ ਦੁਆਰਾ OUD ਲਈ ਬਿਊਪ੍ਰੀਨੋਰਫੀਨ ਨਾਲ ਇਲਾਜ ਬਾਰੇ ਜਾਣਕਾਰੀ ਲੱਭਣ ਲਈ:

- oasas.ny.gov ’ਤੇ ਨਿਊ ਯਾਰਕ ਸਟੇਟ ਸਿਹਤ ਵਿਭਾਗ ਦੇ ਆਫਿਸ ਆਫ ਐਡਿਕਸ਼ਨ ਸਰਵਿਸਿਜ਼ ਐਂਡ ਸਪੋਰਟਸ (OASAS) ਦੀ ਵੈੱਬਸਾਈਟ ’ਤੇ ਜਾਓ ਅਤੇ ਉਨ੍ਹਾਂ ਪਰਦਾਤਾਵਾਂ ਦੀ ਸੂਚੀ ਲਈ “Medication-Assisted Treatment via Telehealth” (ਟੈਲੀਹੈਲਥ ਦੁਆਰਾ ਦਵਾਈ ਦੀ ਸਹਾਇਤਾ ਨਾਲ ਇਲਾਜ) ਲੱਭੋ ਜੋ ਟੈਲੀਮੈਡੀਸਿਨ ਦੁਆਰਾ ਬਿਊਪ੍ਰੀਨੋਰਫੀਨ ਪ੍ਰਦਾਨ ਕਰ ਸਕਦੇ ਹਨ। ਸੂਚੀਬੱਧ ਕੀਤੇ ਗਏ ਕਈ ਪਰਦਾਤਾ Medicaid ਅਤੇ ਹੋਰ ਬੀਮਾ ਸਵੀਕਾਰ ਕਰਦੇ ਹਨ। ਸਹਾਇਤਾ ਲਈ, ਤੁਸੀਂ 877-846-7369 ’ਤੇ NYS 24/7 HOPEline ਨੂੰ ਕਾਲ ਕਰ ਸਕਦੇ ਹੋ ਜਾਂ “HOPENY” ਲਿੱਖ ਕੇ 467369 ’ਤੇ ਭੇਜ ਵੀ ਸਕਦੇ ਹੋ। ਸਵਾਲਾਂ ਲਈ, 518-473-3460 ’ਤੇ ਕਾਲ ਕਰੋ।
- nyc.gov/health ’ਤੇ NYC ਸਿਹਤ ਅਤੇ ਮਾਨਸਿਕ ਅਰੋਗਤਾ ਵਿਭਾਗ (NYC ਸਿਹਤ ਵਿਭਾਗ) ਦੀ ਵੈੱਬਸਾਈਟ ’ਤੇ ਜਾਓ ਅਤੇ “Opioid Addiction Treatment With Buprenorphine and Methadone” (ਬਿਊਪ੍ਰੀਨੋਰਫੀਨ ਅਤੇ ਮੇਥਾਡੋਨ ਨਾਲ ਓਪੀਔਇਡ ਦੇ ਨਸ਼ੇ ਦਾ ਇਲਾਜ) ਖੋਜੋ। NYC ਸਿਹਤ ਵਿਭਾਗ ਵੱਲੋਂ ਵਿੱਤੀ ਸਹਾਇਤਾ ਪ੍ਰਾਪਤ ਬਿਊਪ੍ਰੀਨੋਰਫੀਨ ਨਰਸ ਕੇਅਰ ਮੈਨੇਜਰ ਵਾਲੀ ਪ੍ਰਾਇਮਰੀ ਕੇਅਰ ਸਾਈਟ ਲੱਭਣ ਲਈ “How to Find Treatment” (ਇਲਾਜ ਲੱਭਣ ਦਾ ਤਰੀਕਾ) ਟੈਬ ’ਤੇ ਕਲਿੱਕ ਕਰੋ। ਕੁਝ ਸਾਈਟਾਂ ਟੈਲੀਮੈਡੀਸਿਨ ਦੁਆਰਾ ਬਿਊਪ੍ਰੀਨੋਰਫੀਨ ਨਾਲ ਇਲਾਜ ਪ੍ਰਦਾਨ ਕਰ ਸਕਦੀਆਂ ਹਨ। ਕੁਝ ਸਾਈਟਾਂ Medicaid ਸਵੀਕਾਰ ਕਰਦੀਆਂ ਹਨ, ਉਨ੍ਹਾਂ ਦਾ ਇੱਕ ਸਲਾਇਡਿੰਗ ਸਕੇਲ ਸ਼ੁਲਕ ਹੁੰਦਾ ਹੈ ਜਾਂ ਘੱਟ-ਆਮਦਨੀ ਵਾਲੇ ਜਾਂ ਬੀਮਾ ਰਹਿਤ ਲੋਕਾਂ ਲਈ ਘੱਟ ਕੀਮਤ ’ਤੇ ਦਵਾਈਆਂ ਉਪਲਬਧ ਕਰਦੀਆਂ ਹਨ। ਵੇਰਵੇ ਲਈ ਅਗਲੇ ਪੰਨੇ ’ਤੇ ਸਾਰਣੀ ਵੇਖੋ।

- nyc.gov/health ’ਤੇ NYC ਸਿਹਤ ਵਿਭਾਗ ਦੀ ਵੈੱਬਸਾਈਟ ’ਤੇ ਜਾਓ ਅਤੇ “syringe service programs” (ਸਰਿੰਜ ਸਰਵਿਸ ਪ੍ਰੋਗਰਾਮਸ) ਖੋਜੋ। ਕੁਝ ਸਾਈਟਾਂ ਟੈਲੀਮੈਡੀਸਿਨ ਦੁਆਰਾ ਬਿਊਪ੍ਰੀਨੋਰਫੀਨ ਨਾਲ ਇਲਾਜ ਪ੍ਰਦਾਨ ਕਰ ਸਕਦੀਆਂ ਹਨ। ਕਿਸੇ ਸਰਿੰਜ ਸਰਵਿਸ ਪ੍ਰੋਗਰਾਮ (syringe service program, SSP) ਵਿੱਚ ਟੈਲੀਮੈਡੀਸਿਨ ਵਿਜ਼ਿਟ ਲਈ ਕੋਈ ਸ਼ੁਲਕ ਨਹੀਂ ਹੈ। ਤੁਹਾਨੂੰ ਫਾਰਮੇਸੀ ਵਿੱਚ ਦਵਾਈਆਂ ਲੈਣ ਲਈ ਭੁਗਤਾਨ ਜਾਂ ਬੀਮੇ ਦੀ ਲੋੜ ਹੋ ਸਕਦੀ ਹੈ। ਵੇਰਵੇ ਲਈ ਅਗਲੇ ਪੰਨੇ ’ਤੇ ਸਾਰਣੀ ਵੇਖੋ।

**ਜੇਕਰ ਮੇਰੇ ਕੋਲ ਬੀਮਾ ਨਹੀਂ ਹੈ ਜਾਂ ਆਪਣੀ ਟੈਲੀਮੈਡੀਸਿਨ ਵਿਜ਼ਿਟ ਜਾਂ ਦਵਾਈਆਂ ਲਈ ਆਪਣੇ ਵੱਲੋਂ ਭੁਗਤਾਨ ਨਹੀਂ ਕਰ ਸਕਦਾ ਤਾਂ ਕੀ ਹੋਵੇਗਾ?**

ਜੇਕਰ ਕੀਮਤ ਇੱਕ ਸਮੱਸਿਆ ਹੈ, ਤਾਂ ਅਜਿਹੇ ਕਿਸੇ ਪਰਦਾਤਾ ਨਾਲ ਸੰਪਰਕ ਕਰਨਾ ਸਭ ਤੋਂ ਵਧੀਆ ਹੈ ਜਿਸ ਕੋਲ ਇੱਕ ਸਲਾਇਡਿੰਗ ਸਕੇਲ ਹੈ ਅਤੇ ਜੋ ਘੱਟ ਕੀਮਤ 'ਤੇ ਟੈਲੀਮੈਡੀਸਿਨ ਵਿਜ਼ਿਟ ਜਾਂ ਦਵਾਈਆਂ ਪ੍ਰਦਾਨ ਕਰ ਸਕਦਾ ਹੈ। ਜੇਕਰ ਤੁਹਾਡੇ ਕੋਲ ਬੀਮਾ ਨਹੀਂ ਹੈ ਜਾਂ ਟੈਲੀਮੈਡੀਸਿਨ ਵਿਜ਼ਿਟ ਜਾਂ ਦਵਾਈਆਂ ਲਈ ਆਪਣੇ ਵੱਲੋਂ ਭੁਗਤਾਨ ਨਹੀਂ ਕਰ ਸਕਦੇ, ਤਾਂ ਇੱਥੇ ਸੰਪਰਕ ਕਰੋ:

- 212-562-2665 ’ਤੇ Manhattan ਵਿੱਚ NYC Health + Hospitals/Bellevue ਬਿਊਪ੍ਰੀਨੋਰਫੀਨ ਟੈਲੀਮੈਡੀਸਿਨ ਕਲੀਨਿਕ
- 718-405-8227 ’ਤੇ Bronx ਵਿੱਚ Montefiore Medical Center ਬਿਊਪ੍ਰੀਨੋਰਫੀਨ ਟ੍ਰੀਟਮੈਂਟ ਨੈੱਟਵਰਕ

ਹੇਠਾਂ ਦਿੱਤੀ ਗਈ ਸਾਰਣੀ ਵਿੱਚ SSP ਅਤੇ ਪ੍ਰਾਇਮਰੀ ਕੇਅਰ ਸਾਈਟਸ ਸ਼ਾਮਲ ਹਨ। ਇਨ੍ਹਾਂ ਸਾਈਟਾਂ ਵਿੱਚ ਬਿਊਪ੍ਰੀਨੋਰਫੀਨ ਨਰਸ ਕੇਅਰ ਮੈਨੇਜਰਸ ਹਨ। ਇਹ ਨਰਸ ਕੇਅਰ ਮੈਨੇਜਰਸ OUD ਲਈ ਬਿਊਪ੍ਰੀਨੋਰਫੀਨ ਨਾਲ ਇਲਾਜ ਲਈ ਟੈਲੀਮੈਡੀਸਿਨ ਪ੍ਰਦਾਨ ਕਰਨ ਵਿੱਚ ਮਦਦ ਕਰਦੇ ਹਨ।

| ਸਾਈਟ ਦੀ ਥਾਂ | ਥਾਂ ਦੀ ਕਿਸਮ | ਫ਼ੋਨ ਨੰਬਰ |
|---|---|---|
| **Bronx** | | |
| Montefiore Comprehensive Family Care Clinic (CFCC)** | ਪ੍ਰਾਇਮਰੀ ਕੇਅਰ ਸਾਈਟ | 718-405-8227 |
| Montefiore Family Care Center (Norwood)** | ਪ੍ਰਾਇਮਰੀ ਕੇਅਰ ਸਾਈਟ | 718-405-8227 |
| Montefiore Family Health Center (Fordham)** | ਪ੍ਰਾਇਮਰੀ ਕੇਅਰ ਸਾਈਟ | 929-220-8411 |
| Montefiore Williamsbridge Family Practice** | ਪ੍ਰਾਇਮਰੀ ਕੇਅਰ ਸਾਈਟ | 929-220-8411 |
| ਮੌਂਟੇਫਿਓਰ ਬਿਊਪ੍ਰੀਨੋਰਫੀਨ ਟ੍ਰੀਟਮੈਂਟ ਨੈੱਟਵਰਕ (ਹੋਰ ਥਾਂਵਾਂ)** | ਪ੍ਰਾਇਮਰੀ ਕੇਅਰ ਸਾਈਟ | 718-405-8227 |
| St. Ann’s Corner of Harm Reduction, South Bronx | ਸਰਿੰਜ ਸਰਵਿਸ ਪ੍ਰੋਗਰਾਮਸ | 718-585-5544 |
| **Brooklyn** | | |
| Afterhours Project* | ਸਰਿੰਜ ਸਰਵਿਸ ਪ੍ਰੋਗਰਾਮਸ | 347-663-7608 ਜਾਂ 718-249-0755 |
| Community Healthcare Network – East New York Health Hub | ਪ੍ਰਾਇਮਰੀ ਕੇਅਰ ਸਾਈਟ | 718-486-4589 |

| | | |
|---|---|---|
| Community Healthcare Network — Williamsburg | ਪ੍ਰਾਇਮਰੀ ਕੇਅਰ ਸਾਈਟ | 718-486-4589 |
| Sterling Avenue Health Center (Brightpoint) | ਪ੍ਰਾਇਮਰੀ ਕੇਅਰ ਸਾਈਟ | 855-681-8700 |
| Sunset Park Family Health Center, Adult Medicine | ਪ੍ਰਾਇਮਰੀ ਕੇਅਰ ਸਾਈਟ | 646-906-2685 |
| Park Ridge Family Health Center | ਪ੍ਰਾਇਮਰੀ ਕੇਅਰ ਸਾਈਟ | 718-907-8100 |
| **Manhattan** | | |
| Bellevue Hospital Buprenorphine Telemedicine Clinic** | NYC Health + Hospitals ਕਲੀਨਿਕ | 212-562-2665 |
| Harlem United (Harlem)* | ਸਰਿੰਜ ਸਰਵਿਸ ਪ੍ਰੋਗਰਾਮਸ | 212-289-2378, ਐਕਸ਼ਟੈਂਸ਼ਨ 1277 |
| REACH Clinic-Mount Sinai | ਪ੍ਰਾਇਮਰੀ ਕੇਅਰ ਸਾਈਟ | 646-951-1963 |
| Positive Health Project/Housing Works* | ਸਰਿੰਜ ਸਰਵਿਸ ਪ੍ਰੋਗਰਾਮਸ | 212-465-8304, ਐਕਸ਼ਟੈਂਸ਼ਨ 4875 ਜਾਂ 4430 |
| Ryan Health-West 97th Street | ਪ੍ਰਾਇਮਰੀ ਕੇਅਰ ਸਾਈਟ | 646-221-0366 ਜਾਂ 212-710-9029, ਐਕਸ਼ਟੈਂਸ਼ਨ 5829 |
| Ryan Health-Clinton Community Health Center | ਪ੍ਰਾਇਮਰੀ ਕੇਅਰ ਸਾਈਟ | 646-221-0366 ਜਾਂ 212-710-9029, ਐਕਸ਼ਟੈਂਸ਼ਨ 5829 |
| Center for Comprehensive Health Practice | ਪ੍ਰਾਇਮਰੀ ਕੇਅਰ ਸਾਈਟ | 212-360-7875 |
| **Queens** | | |
| Community Healthcare Network — Long Island City | ਪ੍ਰਾਇਮਰੀ ਕੇਅਰ ਸਾਈਟ | 332-877-5383 |
| Community Healthcare Network — Sutphin Blvd | ਪ੍ਰਾਇਮਰੀ ਕੇਅਰ ਸਾਈਟ | 332-877-5383 |
| Sutphin Health Center (Brightpoint) | ਪ੍ਰਾਇਮਰੀ ਕੇਅਰ ਸਾਈਟ | 855-681-8700 |
| **Staten Island** | | |
| Bay Street Clinic (Brightpoint) | ਪ੍ਰਾਇਮਰੀ ਕੇਅਰ ਸਾਈਟ | 855-681-8700 |
| NYC Health + Hospitals/Gotham Health Vanderbilt | ਪ੍ਰਾਇਮਰੀ ਕੇਅਰ ਸਾਈਟ | 718-616-0978 |

*ਕਿਸੇ ਸਰਿੰਜ ਸਰਵਿਸ ਪ੍ਰੋਗਰਾਮ ਵਿੱਚ ਟੈਲੀਮੈਡੀਸਿਨ ਵਿਜ਼ਿਟ ਲਈ ਕੋਈ ਸ਼ੁਲਕ ਨਹੀਂ ਹੈ। ਤੁਹਾਨੂੰ ਫਾਰਮੇਸੀ ਵਿੱਚ ਦਵਾਈਆਂ ਲੈਣ ਲਈ ਭੁਗਤਾਨ ਜਾਂ ਬੀਮੇ ਦੀ ਲੋੜ ਹੋ ਸਕਦੀ ਹੈ।

**ਘੱਟ-ਆਮਦਨੀ ਵਾਲੇ ਜਾਂ ਬੀਮਾ ਰਹਿਤ ਲੋਕਾਂ ਲਈ ਘੱਟ ਕੀਮਤ ਵਾਲੀਆਂ ਦਵਾਈਆਂ ਉਪਲਬਧ ਹਨ।

**ਸਥਿਤੀ ਬਦਲਣ ਦੇ ਨਾਲ-ਨਾਲ NYC ਸਿਹਤ ਵਿਭਾਗ ਸਿਫ਼ਾਰਸ਼ਾਂ ਨੂੰ ਬਦਲ ਸਕਦਾ ਹੈ।** 5.21.21